# ਕਿਉ ਨ ਹਰਿ ਕੋ ਨਾਮੁ ਲੇਹਿ ਮੂਰਖ ਨਿਲਾਜ ਰੇ

**ਜੈਜਾਵੰਤੀ ਮਹਲਾ ੯ ॥**

**ਬੀਤ ਜੈ ਹੈ ਬੀਤ ਜੈ ਹੈ ਜਨਮੁ ਅਕਾਜੁ ਰੇ॥**

**ਨਿਸਿ ਦਿਨੁ ਸੁਨਿ ਕੈ ਪੁਰਾਨ ਸਮਝਤ ਨਹ ਰੇ ਅਜਾਨ॥**

**ਕਾਲੁ ਤਉ ਪਹੂਚਿਓ ਆਨਿ ਕਹਾ ਜੈ ਹੈ ਭਾਜਿ ਰੇ॥੧॥ਰਹਾਉ॥**

ਇਹ ਸ਼ਬਦ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਜੈਜਾਵੰਤੀ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ ਅਤੇ ਪੰਨਾ ੧੩੫੩ ਤੇ ਸੁਭਾਇਮਾਨ ਹੈ। ਸੰਗੀਤ ਆਚਾਰਿਆ, ਪ੍ਰੋ. ਤਾਰਾ ਸਿੰਘ ਅਨੁਸਾਰ, ਜੈਜਾਵੰਤੀ ਰਾਗ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਹੀ ਰਚਿਤ ਰਾਗ ਹੈ ਜੋ ਪਹਿਲਾਂ ਭਾਰਤੀ ਸੰਗੀਤ ਵਿਚ ਮੌਜੂਦ ਨਹੀਂ ਸੀ। ਜੈਜਾਵੰਤੀ ਰਾਗ ਵਿਚ, ਸਿਰਫ਼, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਹੀ ਚਾਰ ਸ਼ਬਦ ਹਨ। ਇਨ੍ਹਾਂ ਸ਼ਬਦਾਂ ਵਿਚ ਗੁਰੂ ਸਾਹਿਬ ਨੇ ਮਾਇਆ ਦੇ ਰਸ ਭੋਗਾਂ ਨੂੰ ਤਿਆਗ ਕੇ ਪ੍ਰਭੂ ਦੇ ਸਿਮਰਣ ਵਿਚ ਲੀਨ ਹੋਣ ਦਾ ਉਪਦੇਸ਼ ਦਿਤਾ ਹੈ।

-- ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਮਨੁਖ ਮਾਤਰ ਨੂੰ ਉਪਦੇਸ਼ ਦੇ ਰਹੇ ਹਨ ਕਿ ਹੇ ਬੰਦਿਆ ! ਤੇਰਾ ਜੀਵਨ, ਉਸ ਕਾਜ, ਕੰਮ ਨੂੰ ਸੁਆਰੇ, ਪੂਰਾ ਕੀਤੇ ਬਿਨਾਂ ਬੀਤਦਾ ਜਾ ਰਿਹਾ ਹੈ, ਬੀਤਦਾ ਜਾ ਰਿਹਾ ਹੈ।

-- ਤੂੰ ਦਿਨ ਰਾਤ, ਧਰਮ ਗ੍ਰੰਥਾਂ ਨੂੰ ਸੁਣ ਰਿਹਾ ਹੈਂ ਜਾਂ ਉਨ੍ਹਾਂ ਬਾਰੇ ਵੀ ਸੁਣ ਰਿਹਾ ਹੈਂ, ਉਹ ਤੈਨੂੰ ਸਮਝਾ ਰਹੇ ਹਨ ਕਿ ਬਿਖਿਆ ਦੇ ਅਮਲ ਛੱਡ ਕੇ ਪ੍ਰਭੂ ਦੀ ਸ਼ਰਣ ਗਹੁ, ਨਾਮ ਜਪੋ, ਤੂੰ ਫ਼ਿਰ ਵੀ ਅਣਜਾਣ ਬਣਿਆਂ ਫ਼ਿਰਦਾ ਹੈਂ, ਉਨ੍ਹਾਂ ਗ੍ਰੰਥਾਂ ਨੂੰ ਸਮਝ ਕੇ ਉਨ੍ਹਾਂ ਤੇ ਅਮਲ ਨਹੀਂ ਕਰਦਾ।

ਇਥੇ 'ਪੁਰਾਨ' ਦਾ ਅਰਥ ਉਹ ਨਹੀਂ ਜੋ ਗ੍ਰੰਥ, ਹਿੰਦੂ ਸਾਹਿਤ ਦਾ ਹਿਸਾ ਹਨ। ਇਥੇ ਇਸ ਦਾ ਅਰਥ ਵਿਸ਼ਾਲ ਹੈ, ਭਾਵ ਕੋਈ ਵੀ ਧਰਮ ਗ੍ਰੰਥ। ਭਗਤ ਪਰਮਾਨੰਦ ਜੀ ਨੇ ਵੀ, ਪੰਨਾ ੧੨੫੩ ਤੇ, ਸ਼ਬਦ 'ਪੁਰਾਨੁ' ਇਨ੍ਹਾਂ ਅਰਥਾਂ ਵਿਚ ਹੀ ਵਰਤਿਆ ਹੈ। ਉਨ੍ਹਾਂ ਦੇ ਬਚਨ ਹਨ, 'ਹੇ ਮਨੁਖ ! ਤੂੰ ਧਰਮ ਗ੍ਰੰਥਾਂ ਨੂੰ ਸੁਣ ਕੇ ਕੀ ਖਟਿਆ ? ਨਾ ਤੂੰ ਪ੍ਰਭੂ ਦੀ ਪੁਨੀਤ ਕਥਾ, ਭਾਵ ਸਿਮਰਣ ਕੀਤਾ, ਨਾ ਤੂੰ ਸਦਾ ਥਿਰ ਰਹਿਣ ਵਾਲੀ, ਭਾਵ ਨਾਲ ਨਿਭਣ ਵਾਲੀ, ਭਗਤੀ ਕੀਤੀ ਅਤੇ ਨਾ

ਹੀ ਤੇਰੇ ਅੰਦਰ ਭਗਤ ਵਾਲੇ ਗੁਣ ਪੈਦਾ ਹੋਏ - 'ਤੈ ਨਰ ਕਿਆ ਪੁਰਾਨੁ ਸੁਨਿ ਕੀਨਾ।। ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ।।' ਭਗਤ ਪਰਮਾਨੰਦ ਜੀ ਨੇ ਇਸ ਸ਼ਬਦ ਵਿਚ ਬੰਦਗੀ ਕਰਣ ਦੇ ਨਾਲ ਨਾਲ, ਪੰਜ ਵਿਕਾਰ, ਨਿੰਦਾ, ਪਰਾਏ ਹੱਕ ਦੇ ਮਾਲ ਤੇ ਧਾੜ ਮਾਰਨੀ, ਜੀਵਾਂ ਪ੍ਰਤੀ ਹਿੰਸਾ ਆਦਿ ਦਾ ਤਿਆਗ, ਜੀਵਾਂ ਤੇ ਦਇਆ ਕਰਣ ਦਾ ਵੀ ਉਪਦੇਸ਼ ਦਿਤਾ ਹੈ ਅਤੇ ਉਨ੍ਹਾਂ ਦੇ ਉਪਦੇਸ਼ ਤੋਂ ਜ਼ਾਹਰ ਹੈ ਕਿ ਸਿਰਫ਼ ਧਰਮ ਗ੍ਰੰਥਾਂ ਨੂੰ ਮੱਥਾ ਟੇਕ ਲੈਣਾ, ਉਨ੍ਹਾਂ ਦਾ ਪਾਠ ਕਰ ਜਾਂ ਸੁਣ ਲੈਣਾ ਕਾਫ਼ੀ ਨਹੀਂ, ਸਗੋਂ ਨਿਹਫ਼ਲ ਹੈ, ਬੰਦਗੀ ਅਤੇ ਨਾਲ ਦਸੇ ਗੁਣ ਧਾਰਣ ਕਰ ਕੇ ਹੀ ਧਰਮ ਗ੍ਰੰਥਾਂ ਨੂੰ ਸੁਣਨ ਦਾ ਲਾਭ ਹੈ।

-- ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਖ਼ਬਰਦਾਰ ਕਰ ਰਹੇ ਹਨ ਕਿ ਤੂੰ ਇਹ ਸਾਰੇ ਕੰਮ ਕਰ ਕੇ, ਆਪਣਾ '**ਕਾਜ**' ਪੂਰਾ ਨਹੀਂ ਕੀਤਾ। ਤੈਨੂੰ, ਇਹ ਮਨੁਖਾ ਜਨਮ ਮਿਲੇ ਦਾ ਸਮਾਂ ਪੂਰਾ ਹੋਈ ਜਾਂਦਾ ਹੈ, ਮੌਤ ਨੇੜੇ ਆ ਰਹੀ ਹੈ, ਉਸ ਤੋਂ ਭੱਜ ਕੇ ਤੂੰ ਕਿਥੇ ਚਲਾ ਜਾਏਂਗਾ, ਭਾਵ ਬਚ ਨਹੀਂ ਸਕਦਾ।੧।ਰਹਾਉ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਜੈਜਾਵੰਤੀ ਰਾਗ ਦੇ ਹੀ ਆਪਣੇ ਪਹਿਲੇ ਸ਼ਬਦ ਵਿਚ '**ਕਾਜ**' ਦਸਿਆ ਹੈ ਕਿ ਤੇਰਾ **ਕਾਜ,** ਰਾਮ ਪ੍ਰਭੂ ਦਾ ਸਿਮਰਣ ਹੈ ਅਤੇ ਇਸ ਦੇ ਨਾਲ ਨਾਲ ਮਾਇਆ ਮੋਹ ਦਾ ਤਿਆਗ ਕਰ ਕੇ, ਪ੍ਰਭੂ ਦੀ ਸ਼ਰਣ ਲੈਣੀ ਹੈ। ਜਗਤ ਵਿਚ ਉਪਲਭਧ ਸਾਰੇ ਭੌਤਿਕ ਸੁਖ, ਜਗਤ ਦਾ ਸਾਰਾ ਪਸਾਰਾ, ਨਾਸਵੰਤ ਹਨ - 'ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ **ਕਾਜਿ** ਹੈ।। ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ।। ਜਗਤ ਸੁਖ ਮਾਨ ਮਿਥਿਆ ਝੂਠੋ ਸਭ ਸਾਜੁ ਹੈ।।'

**ਅਸਥਿਰੁ ਜੋ ਮਾਨਿਓ ਦੇਹ ਸੋ ਤਉ ਤੇਰਉ ਹੋਇ ਹੈ ਖੇਹ।।**

**ਕਿਉ ਨ ਹਰਿ ਕੋ ਨਾਮੁ ਲੇਹਿ ਮੂਰਖ ਨਿਲਾਜ ਰੇ।।੧।।**

-- ਗੁਰੂ ਸਾਹਿਬ ਦਾ ਫ਼ੁਰਮਾਣ ਹੈ ਕਿ ਜਿਸ ਮਨੁਖਾ ਦੇਹ ਨੂੰ ਸਦਾ ਰਹਿਣ ਵਾਲੀ ਸਮਝੀ ਬੈਠਾ ਹੈਂ, ਇਸ ਦਾ ਖੇਹ, ਮਿਟੀ ਵਿਚ ਮਿਲ ਜਾਣਾ ਨਿਸਚਿਤ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਦਾ, ਪੰਨਾ ੯੭੬ ਤੇ ਫ਼ੁਰਮਾਣ ਹੈ ਕਿ ਸਾਰੇ ਜੀਵ, ਇਸ ਜਗਤ ਵਿਚ, ਆਪਣੇ ਮਰਣ ਦਾ ਸਮਾਂ ਪਹਿਲਾਂ ਹੀ ਨਿਸਚਤ ਕਰਵਾ ਕੇ ਇਸ

ਧਰਤੀ ਤੇ ਜਨਮ ਲੈਂਦੇ ਹਨ, ਫ਼ਿਰ ਵੀ ਇਸ ਛੋਟੀ ਜਿਹੀ ਜ਼ਿੰਦਗੀ ਨੂੰ ਵਧ ਤੋਂ ਵਧ ਸੁਖ ਦੇਣ ਲਈ ਧਨ ਦੌਲਤ ਇਕੱਠੀ ਕਰਨ ਤੇ ਜੁਟੇ ਰਹਿੰਦੇ ਹਨ। ਹੇ ਪ੍ਰਭੂ ! ਸਾਡੇ ਵੇਖਦਿਆਂ ਵੇਖਦਿਆਂ ਕਈ ਪਹਿਲਾਂ ਤੁਰ ਗਏ ਅਤੇ ਕਈਆਂ ਦੀ ਮੌਤ ਉਪਰੰਤ ਬਲਦੀ ਅੱਗ ਸਾਹਮਣੇ ਦਿਸ ਰਹੀ ਹੈ - 'ਮਰਣੁ ਲਿਖਾਇ ਮੰਡਲ ਮਹਿ ਆਏ ਜੀਵਣੁ ਸਾਜਹਿ ਮਾਈ।। ਏਕਿ ਚਲੇ ਹਮ ਦੇਖਹ ਸੁਆਮੀ ਭਾਹਿ ਬਲੰਤੀ ਆਈ।।' ਭਗਤ ਕਬੀਰ ਜੀ ਵੀ, ਪੰਨਾ ੧੩੬੬ ਤੇ, ਇਸ ਜੀਵਨ ਦੇ ਅਤਿਅੰਤ ਥੋੜ ਚਿਰੀ ਹੋਣ ਬਾਰੇ ਫ਼ੁਰਮਾਣ ਕਰਦੇ ਹਨ ਕਿ ਇਸ ਦੇਹ ਦੀਆਂ ਹਡੀਆਂ, ਲਕੜ ਵਾਂਙ ਅਤੇ ਕੇਸ, ਘਾਹ ਵਾਂਙ ਜਲ ਜਾਂਦੇ ਹਨ, ਪਰ ਇਸ ਸਚਾਈ ਦਾ ਅਹਿਸਾਸ, ਸਿਰਫ਼ ਭਗਤਾਂ ਨੂੰ ਹੀ ਹੁੰਦਾ ਹੈ। ਬਾਕੀ ਦੁਨੀਆਂ ਤਾਂ ਢੀਠ ਬਣੀ ਰਹਿੰਦੀ ਹੈ - 'ਕਬੀਰ ਹਾਡ ਜਰੇ ਜਿਉ ਲਾਕਰੀ ਕੇਸ ਜਰੇ ਜਿਉ ਘਾਸੁ।। ਇਹੁ ਜਗੁ ਜਰਤਾ ਦੇਖਿ ਕੈ ਭਇਓ ਕਬੀਰੁ ਉਦਾਸੁ।।'

-- ਇਹ ਸਭ ਕੁਝ ਜਾਣਦਿਆਂ ਹੋਇਆਂ ਵੀ ਜੇ ਤੂੰ ਸਿਮਰਣ ਨਹੀਂ ਕਰਦਾ ਤਾਂ ਤੂੰ ਮਹਾ **ਮੂਰਖ** ਅਤੇ **ਨਿਰਲੱਜ** ਹੈਂ।੧।

ਪਾਤਸ਼ਾਹ, ਪੰਨਾ ੭੬੦ ਤੇ ਬਚਨ ਕਰਦੇ ਹਨ ਕਿ ਮੋਹ ਮਾਇਆ ਦੇ ਪਦਾਰਥਾਂ ਵਿਚ ਫ਼ਸਿਆ ਮਨੁਖ, ਸਭ ਕੁਝ ਵੇਖਦਾ ਹੈ, ਸੁਣਦਾ ਹੈ, ਪਰ ਮੂਰਖ ਪ੍ਰਾਣੀ ਅੰਨ੍ਹਾਂ ਹੋਇਆ, ਕੁਝ ਸਮਝਦਾ ਹੀ ਨਹੀਂ ਕਿ ਇਹ ਸਾਡੀ ਦੇਹ, ਕਚੇ ਭਾਂਡੇ ਵਾਂਙ ਹੈ, ਜਿਸ ਦਾ ਨਾਸ ਹੋਣਾ ਹੀ ਹੈ, ਫ਼ਿਰ ਵੀ, ਪ੍ਰਾਣੀ ਕੂੜੇ, ਨਾਸਵੰਤ ਪਦਾਰਥਾਂ ਨੂੰ ਇਕੱਠਿਆਂ ਕਰਣ ਦੀ ਦੌੜ ਵਿਚ ਲਗਿਆ ਰਹਿੰਦਾ ਹੈ - 'ਦੇਖੈ ਸੁਣੈ ਨ ਜਾਣਈ ਮਾਇਆ ਮੋਹਿਆ ਅੰਧੁ ਜੀਉ।। ਕਾਚੀ ਦੇਹਾ ਵਿਣਸਣੀ ਕੂੜੁ ਕਮਾਵੈ ਧੰਧੁ ਜੀਉ।।' ਪਾਤਸ਼ਾਹ, ਪੰਨਾ ੫੩੬ ਤੇ ਵੀ ਬਚਨ ਕਰਦੇ ਹਨ ਕਿ ਉਹ ਮਨ ਮੂਰਖ ਹੈ, ਵਖ ਵਖ ਸੋਮਿਆਂ, ਭਾਵ ਮਹਾਤਮਾਵਾਂ ਅਤੇ ਧਰਮ ਗ੍ਰੰਥਾਂ ਆਦਿ ਤੋਂ ਇਤਨੀਆਂ ਮੱਤਾਂ ਮਿਲਣ ਤੇ ਵੀ, ਨਹੀਂ ਸਮਝਦਾ ਕਿ ਪ੍ਰਭੂ ਦੇ ਗੁਣ ਗਾਇਨ ਕਰਣ ਨਾਲ ਹੀ ਭਵਜਲ ਸੰਸਾਰ ਸਾਗਰ ਤੋਂ ਪਾਰ ਹੋਇਆ ਜਾ ਸਕੀਦਾ ਹੈ - 'ਮਨ ਮੂਰਖ ਅਜਹੂ ਨਹ ਸਮਝਤ ਸਿਖ ਦੈ ਹਾਰਿਓ ਨੀਤ।। ਨਾਨਕ ਭਉਜਲੁ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ।।' ਤਕਰੀਬਨ ਸਾਰੇ ਮਹਾਤਮਾ, ਸਾਰੇ ਧਰਮ ਗ੍ਰੰਥ ਇਹੀ ਸਿਖਿਆ ਦਿੰਦੇ ਆਏ ਹਨ ਕਿ ਪਰਮੇਸ਼ਰ ਦਾ ਨਾਮ ਜਪੇ ਤੋਂ ਬਿਨਾਂ ਪਾਰ ਉਤਾਰਾ ਸੰਭਵ ਨਹੀਂ - 'ਸਸਾ ਸਰਨਿ ਪਰੇ ਅਬ ਹਾਰੇ।। ਸਾਸਤ੍ਰ ਸਿਮ੍ਰਿਤਿ ਬੇਦ ਪੂਕਾਰੇ।। ਸੋਧਤ ਸੋਧਤ ਸੋਧਿ ਬੀਚਾਰਾ।। ਬਿਨੁ ਹਰਿ ਭਜਨ

ਨਹੀ ਛੁਟਕਾਰਾ।।', ਪੰਨਾ ੨੯੦.

**ਰਾਮ ਭਗਤਿ ਹੀਏ ਆਨਿ ਛਾਡਿ ਦੇ ਤੈ ਮਨ ਕੋ ਮਾਨੁ।।**

**ਨਾਨਕ ਜਨ ਇਹ ਬਖਾਨਿ ਜਗ ਮਹਿ ਬਿਰਾਜੁ ਰੇ।।੨।।੪।।**

-- ਇਸ ਕਰ ਕੇ, ਉਪਰ ਦਿਤੇ ਸਾਰੇ ਉਪਦੇਸ਼ ਦਾ, ਹੁਣ ਇਹ ਸਿਟਾ ਨਿਕਲਦਾ ਹੈ ਕਿ ਤੂੰ ਮਨ ਦੇ ਸਾਰੇ ਮਾਣ ਤਿਆਗ ਕੇ, ਰਾਮ ਪ੍ਰਭੂ ਦੀ ਭਗਤੀ ਕਰ ਲੈ, ਭਾਵ, ਸਿਮਰਣ ਕਰ ਲੈ।

ਬੰਦਗੀ ਕਰਣ ਲਈ ਮਨ ਵਿਚੋਂ ਹੰਕਾਰ ਦਾ ਕਢਣਾ ਬਹੁਤ ਜ਼ਰੂਰੀ ਹੈ, ਕਿਉਂਕਿ ਸਿਮਰਣ ਅਤੇ ਹੰਕਾਰ, ਇਕ ਜਗ੍ਹਾ ਨਹੀਂ ਵਸਦੇ, ਜਿਵੇਂ ਤੀਜੇ ਪਾਤਸ਼ਾਹ ਦਾ ਫ਼ੁਰਮਾਣ ਹੈ - 'ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ।।', ਪੰਨਾ ੫੬੦. ਮਾਣ/ਅਭਿਮਾਨ ਵਿਚ ਰਹਿਣ ਵਾਲਾ ਭਗਤ ਨਹੀਂ ਹੋ ਸਕਦਾ - 'ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ।।', ਪੰਨਾ ੫੧.

-- ਨੌਵੇਂ ਨਾਨਕ ਇਹ ਉਪਦੇਸ਼ ਦਿੰਦੇ ਹਨ ਕਿ ਜਦ ਤਕ ਤੂੰ ਇਸ ਸੰਸਾਰ ਵਿਚ ਬਿਰਾਜ ਰਿਹਾ ਹੈਂ, ਇਸ ਉਪਰ ਦਸੀ ਵਿਧੀ ਅਨੁਸਾਰ ਸਮਾਂ ਬਤੀਤ ਕਰ।੨।੪।

ਭਗਤ ਕਬੀਰ ਜੀ, ਪੰਨਾ ੭੯੩ ਤੇ, ਸਪੱਸ਼ਟ ਤੌਰ ਤੇ ਉਪਦੇਸ਼ ਦਿੰਦੇ ਹਨ ਕਿ ਜਦੋਂ ਤਕ ਤਨ ਵਿਚ ਸਾਹ ਹਨ, ਤਦ ਤਕ ਪ੍ਰਭੂ ਦਾ ਨਾਮ ਸਿਮਰਦੇ ਰਹੋ - 'ਤਬ ਲਗੁ ਪ੍ਰਾਨੀ ਤਿਸੈ ਸਰੇਵਹੁ ਜਬ ਲਗੁ ਘਟ ਮਹਿ ਸਾਸਾ।।'



23.10.2020